# ਅਸੀ ਪਰਮੇਸ਼ਵਰ ਕੋਲ ਉਨ੍ਹਾਂ ਸਾਰੀਆਂ ਬੁਰੀਆਂ ਚੀਜ਼ਾਂ ਨੂੰ ਮੰਨਦੇ ਹਾਂ ਜਿੰਨ੍ਹਾਂ ਨੂੰ ਅਸੀਂ ਕੀਤਾ ਹੈ।

ਯਹੂੰਨਾ ਬਪਤਿਸਮਾਂ ਦੇਣ ਵਾਲੇ ਦੀ ਸੇਵਾਕਾਈ



ਇਹੋ ਜਹੀਆ ਚੀਜਾ ਚੁਣੋ ਜਿਹੜੀਆਂ ਬੱਚਿਆਂ ਦੀ ਉਮਰ ਅਤੇ ਉਨ੍ਹਾਂ ਦੀ ਲੋੜਾ ਵਿੱਚ ਸਹੀ ਬੈਠਦੀਆ ਹੋਣ

**ਪ੍ਰਾਥਨਾ** ''ਪਿਆਰੇ ਪਰਮੇਸ਼ਵਰ, ਹਰੇਕ ਬੱਚੇ ਦੀ ਮੱਦਦ ਕਰੋ ਕਿ ਉਹ ਆਪਣੇ ਪਾਪਾਂ ਨੂੰ ਤੁਹਾਡੇ ਸਾਮਹਣੇ ਮੰਨ ਲਏ, ਤਾਂ ਕਿ ਤੁਸੀਂ ਪਾਪਾਂ ਦੀ ਉਹ ਜ਼ੰਜੀਰ ਨੂੰ ਤੋੜ ਦਿਉ। ਉਨ੍ਹਾਂ ਨੂੰ ਸ਼ਰਮ ਅਤੇ ਬੁਰੀਆਂ ਆਦਤਾਂ ਤੋਂ ਅਜ਼ਾਦ ਕਰੋ, ਤੇ ਬਾਦ ਵਿੱਚ ਹਰ ਇੱਕ ਮੁੰਡੇ ਅਤੇ ਕੁੜੀ ਦੇ ਵਿਵੇਕ ਨੂੰ ਸਾਫ ਕਰੋ, ਸਾਡੀ ਸੁਣੋ, ਸਾਨੂੰ ਮਾਫ ਕਰੋ, ਅਤੇ ਸਾਡੇ ਦਿੱਲਾਂ ਵਿੱਚ ਸ਼ਾਤੀ ਲੈ ਕੇ ਆਉ।



ਇਕ ਬਾਲਿਗ ਜਾ ਵੱਡਾ ਬੱਚਾ ਦੱਸੇ, ਕਿਵੇਂ ਯਹੂੰਨਾ ਬਪਤਿਸਮਾ ਵਾਲੇ ਨੇ ਲੋਕਾਂ ਦੀ ਮੱਦਦ ਕੀਤੀ ਉਨ੍ਹਾਂ ਦੀ ਪਾਪਾਂ ਨੂੰ ਪਰਮੇਸ਼ਵਰ ਅੱਗੇ ਮੰਨਣ ਵਿੱਚ ਅਤੇ ਮਾਫੀ ਨੂੰ ਪਾਉਣ, ਵਿੱਚ ਪੜ੍ਹਨ ਲਈ ਤਿਆਰ ਕਰੋ, ਮੱਤੀ 3:1–2 ਵਿੱਚੋ ਪੜੋ ਅਤੇ ਲੂੱਕਾ 3:10–18 ਇਹ ਕਹਾਣੀ ਦੱਸਣ ਤੋਂ ਬਾਦ, ਬੱਚਿਆਂ ਕੋਲੋ ਇਕੋ ਜਿਹੇ ਪ੍ਰਸ਼ਨਾ ਨੂੰ ਪੁੱਛੋ

- ਯਹੂੰਨਾ ਬਪਤਿਸਮਾ ਦੇਣ ਵਾਲਾ ਲੋਕਾਂ ਨੂੰ ਕਿੱਥੇ ਸਿਖਾਉਂਦਾ ਸੀ? *(ਮੱਤੀ 3:1)*
- ਯਹੂੰਨਾ ਨੇ ਲੋਕਾਂ ਨੂੰ ਕੀ ਕਰਨ ਲਈ ਆਖੀਆਂ ਉਹ ਕਰਣ? *(ਮੱਤੀ 3:1)*
- ਉਹ ਕਿਹੜੀਆਂ ਉਹ ਦੋ ਚੀਜ਼ਾਂ ਕਰਨ ਜਿਹੜੀਆਂ ਦਿਖਾਉਣ ਕਿ ਉਨ੍ਹਾਂ ਨੇ ਪਛਤਾਵਾ ਕੀਤਾ ਹੈ? *(ਮੱਤੀ 3:6)*
- ਪਛਤਾਵੇ ਦਾ ਕੀ ਮਤਲਬ ਹੈ? *(ਆਪਣੇ ਪਾਪਾਂ ਵੇਲੋਂ ਮੁੜਨਾ ਅਤੇ ਪਰਮੇਸ਼ਵਰ ਦੇ ਹੁੱਕਮਾ ਦੀ ਪਾਲਣਾ ਕਰਨੀ)*
- ਯਹੂੰਨਾ ਉਨ੍ਹਾਂ ਲੋਕਾਂ ਨੂੰ ਕੀ ਕਹਿ ਕੇ ਬੁਲਾਦਾ ਸੀ ਜਿਹੜੇ ਸੋਚਦੇ ਸਨ ਕਿ ਉਹ ਬਹੁਤ ਹੀ ਚੰਗੇ ਹਨ ਅਤੇ ਉਨ੍ਹਾਂ ਨੂੰ ਪਛਤਾਵਾ ਕਰਨ ਦੀ ਕੋਈ ਲੋੜ ਨਹੀ। *(ਮੱਤੀ 7-11 ਉਹ ਉਨ੍ਹਾਂ ਨੂੰ ਸੱਪ ਕਹਿ ਕੇ ਬੁਲਾਂਦਾ ਸੀ। ਉਨ੍ਹਾਂ ਨੂੰ ਕਿੱਥੇ ਬਪਤਿਸਮਾਂ ਦੇਣ ਇਨਕਾਰ ਕਰਦਾ ਸੀ ਅਤੇ ਉਨ੍ਹਾਂ ਨੂੰ ਆਉਣ ਵਾਲੇ ਨਿਆ ਬਾਰੇ ਚਿਤਾਵਨੀ ਦੇਂਦਾ ਸੀ।)*
- ''ਉਹ'' ਯਹੂੰਨਾ ਦਾ ਕੀ ਮਤਲਬ ਸੀ ਜਦੋਂ ''ਉਹ ਕਹਿਦਾ ਸੀ, ਉਹ ਜੋ ਮੇਰੇ ਬਾਦ ਆ ਰਿਹਾ ਹੈ, ਮੇਰੇ ਤੋਂ ਵੀ ਮਹਾਨ ਹੈ (ਉਹਦਾ ਮਤਲਬ ਯੀਸ਼ੂ ਹੈ)
- ਯਹੂੰਨਾ ਨੇ ਕਿ ਕਿਹਾ, ਕੀ ਯਿਸ਼ੂ ਉਹ ਕਹੇਗਾ? *(ਮੱਤੀ 3:11–12)*
- ਯਿਸ਼ੂ ਉਨ੍ਹਾਂ ਲੋਕਾਂ ਨੂੰ ਜਿਹੜੇ ਪਛਤਾਵੇ ਕਰਨਗੇ ਉਨ੍ਹਾਂ ਨੂੰ ਬਪਤਿਸਮਾ ਪਵਿੱਤਰ ਆਤਮਾ ਨਾਲ ਦੇਉਗਾ। *(ਅਤੇ ਦੂਜਿਆ ਉੱਤੇ ਨਿਆ ਅਤੇ ਸਜਾ ਲੈ ਕੇ ਆਉਗਾ।)*
- ਯਹੂੰਨਾ ਨੇ ਭੀੜ ਨੂੰ ਕੀ ਕਰਨ ਲਈ ਆਖਿਆ, ਕਿ ਉਹ ਆਪਣਾ ਪਛਤਾਵਾ ਦਿਖਾਉ ਉਹ ਕਰਕੇ? *(ਲੂੱਕਾ 3:10–11)*
- ਯਹੂੰਨਾ ਨੇ ਉਸ ਲਾਲਚੀ ਚੁੰਗੀ ਲੈਣ ਵਾਲੇ ਨੂੰ, ਉਹਨੂੰ ਬਪਤਿਸਮਾ ਦੇਣ ਤੋਂ ਬਾਦ? *(ਲੂੱਕਾ 3:12–13)*
- ਯਹੂੰਨਾ ਨੇ ਸਿਪਾਹੀਆਂ ਨੂੰ ਕੀ ਕਰਣ ਲਈ ਕਿਹਾ? *(ਲੂੱਕਾ 13:14)*

ਕਹਾਣੀ ਦੇ ਹਿੱਸਿਆ ਵਿੱਚ ਲੋਕਾਂ ਨੇ ਆਪਣੇ ਪਾਪਾਂ ਨੂੰ ਮੰਨ ਲਿਆ, ਨਾਟਕ ਤਿਆਰ ਕਰੋ।

- ਅਰਾਧਨਾ ਦੇ ਆਗੂਵੇ ਨਾਲ ਮਿਲ ਕੇ ਬੱਚੇ ਇਹ ਨਾਟਕ ਬਾਲਿਗਾਂ ਲਈ ਪੇਸ਼ ਕਰਨ ਲਈ ਪ੍ਰੰਬਧ ਕਰਨ।
- ਆਪਣੇ ਸਿਖਾਣ ਵਾਲੇ ਬੱਚਿਆਂ ਨਾਲ, ਇਸ ਨਾਟਕ ਨੂੰ ਦੁਹਰਾਕੇ ਤਿਆਰੀ ਕਰੋ।
- ਵੱਡੇ ਬੱਚੇ ਛੋਟਿਆਂ ਨੂੰ ਤਿਆਰੀ ਕਰਨ ਵਿੱਚ ਮੱਦਦ ਕਰਨ।
- ਬਾਲਿਗਾ ਜਾਂ ਵੱਡੇ ਬੱਚੇ ਇਨ੍ਹਾਂ ਹਿੱਸਿਆਂ ਨੂੰ ਯਹੂੰਨਾ, ਫਰੀਸ਼ੀ, ਵਾਚਕ ਅਤੇ ਲੜਕੀ। (ਕੁੜੀ)
- ਛੋਟਿਆ ਬੱਚਿਆਂ ਨੂੰ ਇਹ ਹਿੱਸੇ ਕਰਨ ਲਈ ਦਿਉ, ਜਿਵੇਂ ਚੂੰਗੀ ਲੈਣ ਵਾਲਾ, ਸਿਪਾਹੀ ਅਤੇ ਯਹੂਦਿਆਂ ਦੇ ਲੋਕ।

**ਵਾਚਕ:** ਮੱਤੀ 3:1-12 ਵਿੱਚ ਕਹਾਣੀ ਦਾ ਪਹਿਲਾ ਹਿੱਸਾ ਦੱਸੋ, ਫਿਰ ਆਖੋ, ''ਸੁਣੋ ਇੱਕ ਯਰੂਸਲਮ ਦੀ ਰਹਿਣ ਵਾਲੀ ਕੁੜੀ ਪਛਤਾਵੇ ਕਰਨ ਵਾਲੀ ਕੀ ਕਹਿੰਦੀ ਹੈ।

**ਕੁੜੀ:**- ''ਅਸੀ, ਜੋ ਕਿ ਯਹੂਦਿਆਂ ਅਤੇ ਯਰੂਸੁਲਸ ਵਿੱਚ ਰਹਿੰਦੇ ਹਾਂ ਬੜੀਆਂ ਯਹੂੀਆਂ ਚੀਜਾਂ ਕੀਤੀਆ ਹਨ, ਪਰ ਸਾਡੇ ਵਿੱਚੋ ਬਹੁਤ ਸਾਰੇ ਬਦਲਨਾ ਚਾਹੁੰਦੇ ਹਨ ਅਤੇ ਪਰਮੇਸ਼ਵਰ ਦੇ ਹੁੱਕਮਾ ਨੂੰ ਮੰਨਣਾ ਚਾਹੁੰਦੇ ਹਨ।

ਮੈ ਆਪਣੇ ਪਾਪਾਂ ਨੂੰ ਮੰਨ ਲੈਦੀ ਹਾਂ।''

**ਯਹੂੰਨਾ** :''ਪਰਮੇਸ਼ਵਰ, ਤੇਰੇ ਪਾਪਾਂ ਨੂੰ ਮਾਫ ਕਰਦਾ ਹੈ, ਆਓ ਅਤੇ ਬਪਤਿਸਮਾ ਲੈ ਲਓ।''

**ਫਰੀਸੀ:** (ਘਮੰਡ ਨਾਲ ਬੋਲਣ) ''ਅਸੀਂ ਫਰੀਸੀ ਧਰਮ ਦੇ ਆਗੂ ਹਾਂ ਅਤੇ ਚੰਗਾ ਜੀਵਨ ਤੀਤ ਕਰਦੇ ਹਾਂ ਅਸੀਂ ਬਪਤਿਸਮਾ ਲਵਾਂਗੇ ਕਿਉਂਕਿ ਅਸੀਂ ਚੰਗੇ ਕੰਮ ਕਰਕੇ ਖੁਦਾ ਦਾ ਅਸ਼ੀਰਵਾਦ ਪ੍ਰਾਪਤ ਕਰ ਲਿਆ ਹੈ।

**ਯਹੂੰਨਾ:** ''ਤੁਸੀ ਸੱਪ ਦੇ ਬੱਚੇ ਹੋ, ਕਿੰਨੇ ਤੁਹਾਨੂੰ ਚੇਤਾਵਨੀ ਦੇ ਦਿੱਤੀ ਕਿ ਤੁਸੀ ਆਉਣ ਵਾਲੇ ਕਹਿਰ ਤੋਂ ਬਚ ਸੱਕੋ? ਜਾਉ ਅਤੇ ਉਹ ਫਲ ਪੈਦਾ ਕਰੋ ਜਿਸ ਤੋਂ ਇਹ ਪਤਾ ਲਗੇ ਕਿ ਤੁਸੀ ਬਦਲ ਗਏ ਹੋ ਅਤੇ ਪਰਮੇਸ਼ਵਰ ਦੇ ਹੁੱਕਮਾ ਦੀ ਪਾਲਨਾ ਕਰਨ ਲੱਗੇ ਹੋ''

**ਵਾਚਕ:** ਲੂਕਾ 3:10-18 ਵਿੱਚ ਕਹਾਣੀ ਦਾ ਦੂਜਾ ਹਿੱਸਾ ਦੱਸੋ, ਫਿਰ ਆਖੋ, ਸੁਣੋ ਲਾਲਚੀ ਚੁੰਗੀ ਲੈਣ ਵਾਲਾ ਕੀ ਕਹਿੰਦਾ ਹੈ।''

**ਚੁਗੀ ਲੈਣ ਵਾਲਾ:** ''ਅਸੀ ਸੁਆਰਥੀ ਅਤੇ ਬੁਰੀਆ ਚੀਜਾ ਕੀਤੀਆ ਹਨ, ਸਾਨੂੰ ਕੀ ਕਰਨਾ ਚਾਹੀਦਾ ਹੈ?''

**ਯਹੂੰਨਾ:** ''ਉਨਾ ਹੀ ਇੱਕਠਾ ਕਰੋ, ਜਿਹਦਾ ਤੁਹਾਨੂੰ ਹੁੱਕਮ ਦਿੱਤਾ ਗਿਆ ਹੈ। ਤੁਹਾਨੂੰ ਆਪਣੇ ਪਾਪਾ ਨੂੰ ਮੰਨਣਾ ਹੈ, ਪਰਮੇਸ਼ਵਰ ਤੁਹਾਨੂੰ ਮਾਫ ਕਰੇਗਾ। ਆਉ ਅਤੇ ਬਪਤਿਸਪਾ ਲਉ।''



**ਸਿਪਾਹੀ:** ''ਅਤੇ ਸਾਡੇ ਸਿਪਾਹੀਆ ਬਾਰੇ ਕੀ ਹੁਕਮ ਹੈ? ਸਾਨੂੰ ਕੀ ਕਰਨਾ ਹੈ? ਅਸੀ ਵੀ ਬਹੁਤ ਪਾਪ ਕੀਤੇ ਹਨ।''

**ਯਹੂੰਨਾ:**- ਕਿਸੇ ਕੋਲੋ ਵੀ ਧੱਕੇ ਨਾਲ (ਜਬਰਦਸਤੀ) ਪੈਸਾ ਨਾ ਲਉ ਜਾ ਕਿਸੇ ਤੇ ਗਲਤ ਦੋਸ਼ ਨਾ ਲਾਉ, ਅਤੇ ਜਿੰਨਾ ਤੁਸੀਂ ਕਮਾਦੇ ਹੋ ਉਹਦੇ ਵਿੱਚ ਹੀ ਖ਼ੁਸ ਰਹੋ। ਤੁਹਾਨੂੰ ਆਪਣੇ ਪਾਪਾ ਨੂੰ ਮੰਨਣਾ ਹੈ, ਆਉ ਅਤੇ ਬਪਤਿਸਪਾ ਲਉ।''

**ਵਾਚਕ:**- ਹਰੇਕ ਦਾ ਧੰਨਵਾਦ ਕਰੇ ਉਹ ਜਿੰਨਾ ਨੇ ਨਾਟਕ ਵਿੱਚ ਮੱਦਦ ਕੀਤੀ ਹੈ।

**ਪ੍ਰਸ਼ਨਾ:**- ਜੇ ਇਹ ਨਾਟਕ ਬੱਚੇ ਬਾਲਿਗਾਂ ਲਈ ਪੇਸ਼ ਕਰਨ ਤਾ ਉਹ ਬਾਲਿਗਾ ਕੋਲੋ ਉਹ ਪ੍ਰਸ਼ਨ ਪੁੱਛਣ ਜਿੰਨਾ ਦੀ ਸੂਚੀ ਉੱਤੇ ਦਿੱਤੀ ਗਈ ਹੈ।

ਅੱਗ ਦੀ ਇੱਕ ਤਸਵੀਰ ਬਣਾਉ, ਜਿਹਨੂੰ ਬੱਚੇ ਬਾਲਿਗਾ ਦੀ ਅਰਾਧਨਾ ਵੇਲੇ ਦਿਖਾ ਸੱਕਣ, ਉਨ੍ਹਾਂ ਨੂੰ ਸਮਝਾਉਣ ਦਿਉ ਜਦੋ ਯਿਸੂ ਮੌਤ ਤੇ ਜੀਅ ਉਠਿਆ, ਇਹ ਇੱਕ ਪੱਕੀ ਤਿਆਰ ਫਸਲ ਦੀ ਵਾਡੀ ਦੇ ਵਾਂਗ ਹੈ।



- ਵਿਸ਼ਵਾਸੀਆਂ ਨੇ ਸਦਾ ਤੀਕਰ ਯੀਸ਼ੂ ਨਾਲ ਰਹਿੰਣਾ ਹੈ
- ਉਹ ਜਿੰਨਾ ਨੇ ਉਹਦਾ ਇਨਕਾਰ ਕੀਤਾ, ਪਰਮੇਸ਼ਵਰ ਉਨ੍ਹਾਂ ਨੂੰ ਇੱਕ ਪਾਸੇ ਕਰੇਗਾ, ਜਿਵੇ ਵਾਢੀ ਕਰਨ ਵਾਲੇ ਅਨਾਜ ਨੂੰ ਘਾਹ ਤੋਂ ਵੱਖ ਕਰਕੇ ਜਲਾ (ਸਾੜ) ਦਿੰਦੇ ਹਨ।

**ਕਵਿਤਾ:** ਬੱਚਿਆਂ ਨੂੰ ਇਹ ਆਇਤਾਂ ਦੁਹਰਾਉਣ ਲਈ ਜਬੂਰਾਂ ਦੀ ਪੋਥੀ ਦਿਉ 51:

2) ਮੇਰੀ ਬਦੀ ਤੋਂ ਮੈਨੂੰ ਚੰਗੀ ਤਰਾ ਧੋ
ਅਤੇ ਮੇਰੇ ਪਾਪਾ ਤੋਂ ਮੈਨੂੰ ਸ਼ੁੱਧ ਕਰ,
3) ਕਿਉ ਜੋ ਮੈ ਆਪਣੇ ਅਪਰਾਧ ਜਾਣਦਾ ਹਾਂ
ਅਤੇ ਮੇਰਾ ਪਾਪ ਸਦਾ ਮੇਰੇ ਸਾਮਹਣੇ ਹੈ।
4) ਮੈ ਤੇਰਾ ਹਾਂ, ਤੇਰਾ ਹੀ ਪਾਪ ਕੀਤਾ, ਅਤੇ ਆਪਣੇ ਨਿਆਉ ਵਿੱਚ ਤੂੰ ਸਾਫ ਨਿੱਕਲੇ।

5) ਵੇਖ, ਮੈ ਬਦੀ ਵਿੱਚ ਜੰਮਿਆ,

ਅਤੇ ਪਾਪ ਵਿੱਚ ਮੇਰੀ ਮਾਤਾ ਨੇ ਮੈਨੂੰ ਦੁੱਖ ਵਿੱਚ ਲਿਆ।

7) ਜ਼ੂਫੈ ਨਾਲ ਮੈਨੂੰ ਪਾਕ ਕਰ ਤਾਂ ਮੈ ਸੁੱਧ ਹੋ ਜਾਵਾਗਾ।

ਮੈਨੂੰ ਧੋ, ਤਾਂ ਮੈ ਬਰਫ ਨਾਲੋਂ ਵੀ ਚਿੱਟਾ ਹੋ ਜਾਵਾਗਾ।

10) ਹੇ ਪਰਮੇਸ਼ਵਰ, ਮੇਰੇ ਲਈ ਇੱਕ ਪਾਕ ਮਨ ਉੱਤਪਨ ਕਰ ਅਤੇ ਮੇਰੇ ਅੰਦਰ ਨਵੇਂ ਸਿਰੇ ਤੋਂ ਸਥਿਰ ਆਤਮਾ ਅਤੇ ਤੇਰੀ ਨਿਗਾਹ ਵਿੱਚ ਏਹ ਬੁਰਿਆਈ ਕੀਤੀ

ਤਾ ਜੋ ਤੂੰ ਆਪਣੇ ਫੈਸਲੇ ਵਿੱਚ ਧਰਮੀ ਠਹਿਰੇ, ਵੀ, ਬੱਚਿਆਂ ਨੂੰ ਕਵਿਤਾਵਾਂ ਜਾਂ ਗੀਤ ਆਪਣੇ ਪਾਪਾਂ ਨੂੰ ਮੰਨ ਲੈਣ ਬਾਰੇ ਵਿੱਚ ਅਤੇ ਮਾਫ ਕਰਨ ਵਿੱਚ ਲਿੱਖਣ।

**ਯਾਦ ਕਰੋ ਜਬੂੰਰਾ ਦੀ ਪੋਥੀ 51:10**

Copyright 2004 © by Paul-Timothy. May be freely copied. Download from www.Paul-Timothy.net